# ਪਾਠ-੫

## ਸ੍ਰੀ ਗੁਰੂ ਅਰਜਨ ਦੇਵ ਜੀ

1:

(ੳ) ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ? ਉਹਨਾਂ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?

ਉ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ ਵਿਖੇ 15 ਅਪ੍ਰੈਲ, 1563 ਈਸਵੀ ਨੂੰ ਹੋਇਆ।

(ਅ) ਗੁਰੂ ਅਰਜਨ ਦੇਵ ਜੀ ਨੇ ਮੁਢਲੀ ਵਿੱਦਿਆ ਕਿੱਥੋਂ ਪ੍ਰਾਪਤ ਕੀਤੀ?

ਉ ਆਪ ਜੀ ਨੂੰ ਵੱਡੇ ਨਾਨੀ ਜੀ ਦਾ ਪਿਆਰ ਤੇ ਗੁਰੂ ਅਮਰਦਾਸ ਜੀ ਦੀ ਜੀਵਨ ਜਾਚ ਵਿਰਸੇ ਵਿੱਚ ਪ੍ਰਾਪਤ ਹੋਈ ਸੀ। ਆਪ ਜੀ ਨੇ ਮੁਢਲੀ ਵਿੱਦਿਆ ਬਾਬਾ ਬੁੱਢਾ ਜੀ ਤੋਂ ਗ੍ਰਹਿਣ ਕੀਤੀ।

(ੲ) ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਕਿਸ ਨੇ ਦਿੱਤਾ ਅਤੇ ਆਪ ਇਸ ਕਥਨ ਉੱਤੇ ਕਿਵੇਂ ਖਰੇ ਉੱਤਰੇ?

ਉ ਗੁਰੂ ਅਰਜਨ ਦੇਵ ਜੀ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਦਾ ਵਰ ਆਪ ਦੇ ਨਾਨਾ ਗੁਰੂ ਅਮਰਦਾਸ ਜੀ ਨੇ ਦਿੱਤਾ ਜੋ ਬਿਲਕੁਲ ਸੱਚ ਸਿੱਧ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕੁੱਲ 5894 ਸ਼ਬਦਾਂ ਵਿੱਚੋਂ 2218 ਸ਼ਬਦ ਆਪ ਜੀ ਦੀ ਹੀ ਰਚਨਾ ਹਨ।

(ਸ) ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ? ਉਸ ਬਾਰੇ ਕੁਝ ਸਤਰਾਂ ਲਿਖੋ।

ਉ 'ਸੁਖਮਨੀ ਸਾਹਿਬ' ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਇਸ ਵਿੱਚ ਪਰਮਾਤਮਾ, ਪ੍ਰਭੂ ਨਾਮ, ਨਾਮ-ਸਿਮਰਨ, ਸੰਤ, ਭਗਤ, ਬ੍ਰਹਮਗਿਆਨੀ, ਜੀਵਨ-ਜੁਗਤ ਆਦਿ ਬਾਰੇ ਆਪ ਦੇ ਵਿਚਾਰ ਦਰਜ ਕੀਤੇ ਹੋਏ ਹਨ।

(ਹ) ਸ੍ਰੀ ਗੁਰੂ ~~[illegible]~~ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ

ਦਾ ਕੰਮ ਕਿਸ ਨੇ ਕੀਤਾ ਅਤੇ ਇਹ ਕਾਰਜ ਕਦੋਂ ਸੰਪੂਰਨ ਹੋਇਆ?

ੳ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ, ਗੁਰੂ ਅਰਜਨ ਦੇਵ ਜੀ ਦਾ ਵਡਮੁੱਲਾ ਕਾਰਜ ਹੈ। ਆਪ ਨੇ ਪਹਿਲੇ ਚਾਰ ਗੁਰੂਆਂ ਤੋਂ ਇਲਾਵਾ ਸੰਤਾਂ, ਭਗਤਾਂ ਦੀ ਰਚਨਾ ਨੂੰ ਇਕੱਤਰ ਕਰ ਕੇ ਉਸ ਨੂੰ ਰਾਗਾਂ ਅਨੁਸਾਰ ਸੰਭਾਲਿਆ। ਇਹ ਵੱਡ-ਆਕਾਰੀ ਧਰਮ-ਗ੍ਰੰਥ ਏਕਤਾ ਤੇ ਸਰਬ-ਸਾਂਝੀਵਾਲਤਾ ਦਾ ਪ੍ਰਤੀਕ ਹੋ ਗਿਆ। ਫਰੀਦ, ਕਬੀਰ ਅਤੇ ਰਾਮਾਨੰਦ, ਧੰਨਾ, ਨਾਮਦੇਵ, ਤ੍ਰਿਲੋਚਨ, ਪੀਪਾ, ਸਧਨਾ, ਸੈਣ, ਸੈਂਟ ਤੇ ਭੀਖਨ, ਆਦਿ, ਚਾਰ ਸੰਤ-ਭਗਤ ਵੱਖਰੇ-ਵੱਖਰੇ ਇਲਾਕਿਆਂ ਦੇ ਹੋਣ ਦੇ ਬਾਵਜੂਦ ਸਾਰਿਆਂ ਦਾ ਸੁਨੇਹਾ ਰੱਬੀ ਏਕਤਾ ਦਾ ਹੀ ਹੈ। ਗੁਰੂ ਅਰਜਨ ਦੇਵ ਜੀ ਨੇ ਸਾਰੀ ਰਚਨਾ ਨੂੰ ਰਾਗ ਅਨੁਸਾਰ ਤਰਤੀਬ ਦੇ ਕੇ ਇੱਕ ਥਾਂ ਇਕੱਠਾ ਕੀਤਾ ਤੇ ਇੱਕ ਜਿਲਦ ਸੰਪਾਦਿਤ ਕਰਾਂ ਸਾਰਾ ਕਾਰਜ ਲਿਖਾਈ ਦਾ ਕੰਮ ਭਾਈ ਗੁਰਦਾਸ ਜੀ ਤੋਂ ਕਰਵਾਇਆ ਗਿਆ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 1604 ਈਸਵੀ ਵਿੱਚ ਸੰਪੂਰਨ ਹੋਇਆ।

ਕ) ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਿਸ ਤੋਂ ਅਤੇ ਕਦੋਂ ਰਖਵਾਈ ਗਈ।

ੳ ਸ੍ਰੀ ਗੁਰੂ ਅਰਜਨ ਦੇਵ ਜੀ ਨੇ 1588 ਈਸਵੀ ਵਿੱਚ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫਕੀਰ ਸਾਂਈਂ ਮੀਆਂ ਮੀਰ ਤੋਂ ਰਖਵਾਈ।

ਖ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਿਹੜੇ-ਕਿਹੜੇ ਭਗਤਾਂ ਦੀ ਬਾਣੀ ਦਰਜ ਹੈ? ਕੋਈ ਪੰਜ ਨਾਂ ਲਿਖੋ।

ੳ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪਹਿਲੇ ਚਾਰ ਗੁਰੂਆਂ ਤੋਂ ਇਲਾਵਾ ਬਹੁਤ ਸਾਰੇ ਸੰਤਾਂ ਅਤੇ ਭਗਤਾਂ ਦੀ ਰਚਨਾ ਸ਼ਾਮਲ ਕੀਤੀ ਗਈ ਹੈ। ਇਹਨਾਂ ਵਿੱਚੋਂ ਫਰੀਦ

ਜੀ, ਭਗਤ ਕਬੀਰ ਤੇ ਰਾਮਾਨੰਦ, ਧੰਨਾ, ਨਾਮਦੇਵ,
ਤ੍ਰਿਲੋਚਨ, ਪੀਪਾ, ਸਧਨਾ, ਜੈਦੇਵ, ਸੈਣ ਆਦਿ
ਭਗਤ ਜੀ ਸਭ ਹਨ।

ਅ) ਗੁਰੂ ਅਰਜਨ ਦੇਵ ਜੀ ਨੇ ਜਨਤਕ ਭਲਾਈ ਦੇ
ਕਿਹੜੇ-ਕਿਹੜੇ ਕੰਮ ਕੀਤੇ?

ੳ) ਆਪ ਨੇ ਜਨਤਕ ਭਲਾਈ ਦੇ ਬਹੁਤ ਸਾਰੇ ਕਾਰਜ
ਕੀਤੇ। ਲੋਕਾਂ ਨੂੰ ਸਾਰੇ ਧਰਮ ਅਸਥਾਨ ਤੇ ਇਸ਼ਨਾਨ
ਕਰਨ ਲਈ ਤਲਾਬ (ਸਰੋਵਰ) ਬਣਵਾਇਆ।
ਅੰਮ੍ਰਿਤਸਰ ਵਿੱਚ ਹੀ ਸੰਤੋਖਸਰ ਤੇ ਰਾਮਸਰ ਦੋ ਹੋਰ
ਸਰੋਵਰ ਬਣਵਾਏ। ਗੁਰੂ ਸਾਹਿਬ ਨੇ ਤਰਨਤਾਰਨ ਨਗਰ
ਵੀ ਵਸਾਇਆ। ਤਰਨਤਾਰਨ ਦਾ ਸਰੋਵਰ ਆਕਾਰ ਦੇ
ਪੱਖ ਤੋਂ ਕਾਫ਼ੀ ਵੱਡਾ ਹੈ। ਸਿੱਖੀ ਦੇ ਪ੍ਰਚਾਰ ਲਈ
ਧਰਮ - ਅਸਥਾਨ ਉਸਾਰੇ। ਲਾਹੌਰ ਵਿੱਚ ਬਾਉਲੀ
ਬਣਵਾਈ। ਤਰਨਤਾਰਨ ਵਿੱਚ ਪਤੀਆਂ ਤੇ ਕੋੜ੍ਹੀਆਂ
ਲਈ ਹਸਪਤਾਲ ਖੋਲ੍ਹਿਆ। ਦਸਵੰਧ ਦੀ ਪ੍ਰਥਾ ਵੀ
ਆਰੰਭ ਕੀਤੀ। ਇਸ ਤੋਂ ਇਲਾਵਾ ਕਾਬਲ, ਕੰਧਾਰ ਤੇ
ਬੁਖਾਰੇ ਤੱਕ ਵਪਾਰ ਦਾ ਕੰਮ ਵੀ ਸ਼ੁਰੂ ਕੀਤਾ।

ਘ) ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਚਾਨਣਾ ਪਾਓ।

ੳ) ਗੁਰੂ ਅਰਜਨ ਦੇਵ ਜੀ ਜਿੱਥੇ ਨਿਰਭੈਤਾ ਤੇ ਸ਼ਾਂਤੀ ਦੇ
ਪੁੰਜ ਸਨ :- ਉੱਥੇ ਦੇਸ਼, ਧਰਮ ਲਈ ਕੁਰਬਾਨੀ ਦੇਣ
ਤੋਂ ਵੀ ਨਹੀਂ ਝਿਜਕੇ। ਜਦੋਂ ਦੀ ਸਰਕਾਰ ਦਾ ਵਰਤਾਅ
ਠੀਕ ਨਹੀਂ ਸੀ। ਜਹਾਂਗੀਰ ਨੇ ਆਪ ਨੂੰ ਕਈ
ਤਰ੍ਹਾਂ ਦੇ ਤਸੀਹੇ ਦਿੱਤੇ। ਆਪ ਨੂੰ ਤੱਤੀ ਤਵੀ ਤੇ ਬਿਠਾ ਦਿੱਤਾ
ਗਿਆ ਤੇ ਸੀਸ ਉੱਤੇ ਗਰਮ - ਗਰਮ ਰੇਤ ਪਾਈ ਗਈ ਪਰ
ਆਪ ਭਾਣੇ ਨੂੰ ਅਡੋਲ ਰਹਿ ਕੇ ਮੰਨਦੇ ਰਹੇ।
ਆਪ ਨੂੰ ਇਸਲਾਮ ਧਰਮ ਕਬੂਲ ਕਰਨ ਲਈ ਕਿਹਾ
ਗਿਆ। ਜਦੋਂ ਗੁਰੂ ਜੀ ਨੇ ਇਸਲਾਮ ਧਰਮ ਧਾਰਨ ਤੋਂ
ਇਨਕਾਰ ਕਰ ਦਿੱਤਾ ਤਾਂ ਆਪ ਕਈ ਤਰ੍ਹਾਂ ਦੀਆਂ
ਸਰੀਰਕ ਤਕਲੀਫ਼ਾਂ ਸਹਿਣ ਕਰਦੇ ਹੋਏ ਲਾਹੌਰ
ਵਿਖੇ ਸ਼ਹੀਦੀ ਪ੍ਰਾਪਤ ਕਰ ਗਏ।

DATE: / 20
PAGE No

2. ਔਖੇ ਸ਼ਬਦਾਂ ਦੇ ਅਰਥ

ਵਿਰਸਾ: ਵੱਡੇ-ਵਡੇਰਿਆਂ ਦੀ ਜਾਇਦਾਦ ਜੋ ਅਗਲੀ ਪੀੜ੍ਹੀ ਨੂੰ ਮਿਲੇ, ਜੱਦੀ ਜਾਇਦਾਦ

ਬਖੂਬੀ: ਬਹੁਤ ਚੰਗੀ ਤਰ੍ਹਾਂ

ਉਪਰਾਮ: ਉਦਾਸ, ਉਚਾਟ

ਮਨਸੂਬਾ: ਇਰਾਦਾ, ਮਨਸ਼ਾ

ਵੰਨਗੀਆਂ: ਨਮੂਨੇ, ਕਿਸਮਾਂ

ਹਿਰਦੇ ਵੇਧਕ: ਦਿਲ ਨੂੰ ਵਿੰਨ੍ਹ ਜਾਣ ਵਾਲੀ, ਦੁਖਦਾਈ

ਸਰਤਾਜ: ਸਿਰ ਦਾ ਮੁਕਟ, ਮੁਖੀਆ, ਪ੍ਰਧਾਨ

ਪੰਜਾ: ਅਸੂਹ ਢੰਗ

ਬਾਉਲੀ: ਉਹ ਖੂਹ ਜਿਸ ਵਿੱਚ ਪਾਣੀ ਤੱਕ ਪਹੁੰਚਣ ਲਈ ਇੱਟਾਂ ਜਾਂ ਪੱਥਰ ਦੀਆਂ ਪੌੜੀਆਂ ਬਣੀਆਂ ਹੋਣ

ਤਸੀਹੇ: ਤਕਲੀਫਾਂ, ਕਸ਼ਟ

ਲਾਹੌਰ: ਇੱਕ ਸ਼ਹਿਰ ਦਾ ਨਾਂ ਜੋ ਅੱਜ-ਕੱਲ੍ਹ ਪਾਕਿਸਤਾਨ ਵਿੱਚ ਹੈ।

DATE: / 20
PAGE No

3. ਵਾਕਾਂ ਵਿੱਚ ਵਰਤੋ:-

1. ਜੀਵਨ ਜਾਚ (ਜੀਵਨ ਗੁਜ਼ਾਰਨ ਦਾ ਢੰਗ) ਪੰਜਾਬੀਆਂ ਦੀ ਜੀਵਨ ਜਾਚ ਬਹੁਤ ਵਧੀਆ ਹੁੰਦੀ ਹੈ।
2. ਸ਼ਾਹਕਾਰ ਰਚਨਾ (ਮਹਾਨ ਰਚਨਾ) 'ਸੁਖਮਨੀ ਸਾਹਿਬ' ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਹੈ।
3. ਵੱਡ-ਆਕਾਰੀ (ਵੱਡੇ ਆਕਾਰ ਵਾਲੀ) ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕ ਵੱਡ-ਆਕਾਰੀ ਗ੍ਰੰਥ ਹੈ।
4. ਮੁਹਾਰਤ (ਨਿਪੁੰਨਤਾ) ਗੁਰੂ ਅਰਜਨ ਦੇਵ ਜੀ ਸੰਗੀਤ ਤੇ ਰਾਗਾਂ ਦੀ ਪੂਰੀ ਮੁਹਾਰਤ ਰੱਖਦੇ ਸਨ।
5. ਯੋਗਦਾਨ (ਹਿੱਸਾ ਪਾਉਣਾ) ਪਿੰਡ ਵਿੱਚ ਸਕੂਲ ਦੀ ਇਮਾਰਤ ਪੂਰੀ ਕਰਨ ਲਈ ਕਈ ਵਿਅਕਤੀਆਂ ਨੇ ਯੋਗਦਾਨ ਪਾਇਆ।
6. ਸ਼ਹਾਦਤ (ਕੁਰਬਾਨੀ, ਸ਼ਹੀਦੀ) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ।

Scanned with CamScanner

ਅਡੋਲ (ਨਾ ਡੋਲਣਾ, ਕਾਇਮ ਰਹਿਣਾ) ਸਾਨੂੰ ਆਪਣੇ ਫੈਸਲਿਆਂ ਤੇ ਅਡੋਲ ਰਹਿਣਾ ਚਾਹੀਦਾ ਹੈ।

ਵਿਆਕਰਨ:-

ਲਿੰਗ: ਸ਼ਬਦ ਦੇ ਜਿਸ ਰੂਪ ਤੋਂ ਜਨਾਨੇ ਅਤੇ ਮਰਦਾਵੇਂ ਭੇਦ ਦਾ ਪਤਾ ਲੱਗਦਾ ਹੈ, ਵਿਆਕਰਨ ਵਿੱਚ ਉਸ ਨੂੰ ਲਿੰਗ ਕਿਹਾ ਜਾਂਦਾ ਹੈ। ਲਿੰਗ ਸ਼ਬਦ ਦੋ ਪ੍ਰਕਾਰ ਦੇ ਹਨ:-

| ੳ) ਪੁਲਿੰਗ | ਅ) ਇਸਤਰੀ ਲਿੰਗ |
|---|---|
| ਪਿਤਾ | ਮਾਤਾ |
| ਦੋਹਤਾ | ਦੋਹਤੀ |
| ਮੁੰਡਾ | ਕੁੜੀ |
| ਤੋਤਾ | ਤੋਤੀ |
| ਸ਼ੇਰ | ਸ਼ੇਰਨੀ |
| ਹਾਥੀ | ਹਥਣੀ |
| ਘੋੜਾ | ਘੋੜੀ |

ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦਾਂ ਦੇ ਲਿੰਗ ਬਦਲ ਕੇ ਵਾਕਾਂ ਨੂੰ ਮੁੜ ਲਿਖੋ।-

ੳ) ਮੇਰੀ ਭੈਣ ਪਿੰਡ ਵੱਲ ਦੌੜ ਰਹੀ ਸੀ।

ਉੱਤਰ ਮੇਰਾ ਭਰਾ ਪਿੰਡ ਵੱਲ ਦੌੜ ਰਿਹਾ ਸੀ।

ਅ) ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਆਮ ਦਿਖਾਈ ਦਿੰਦੇ ਹਨ।

ਉ ਮੁਟਿਆਰਾਂ ਟੋਲੀਆਂ ਬਣਾ ਕੇ ਘੁੰਮਦੀਆਂ ਆਮ ਦਿਖਾਈ ਦਿੰਦੀਆਂ ਹਨ।

ੲ) ਵਿਦਿਆਰਥੀ ਅਤੇ ~~[illegible]~~ ਅਧਿਆਪਕ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।

ਉ ਵਿਦਿਆਰਥਣਾਂ ਅਤੇ ਅਧਿਆਪਕਾਵਾਂ ਉਸ ਦੀ ਤੀਖਣ ਬੁੱਧੀ ਤੋਂ ਬਹੁਤ ਪ੍ਰਭਾਵਿਤ ਸਨ।

ਸ) ਉਸ ਦਾ ਪਿਤਾ ਪਹਿਲਾਂ ਦਿੱਲੀ ਰਹਿੰਦਾ ਸੀ।

ਉ ਉਸ ਦੀ ਮਾਤਾ ਪਹਿਲਾਂ ਦਿੱਲੀ ਰਹਿੰਦੀ ਸੀ।